A-3 1115

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

6255 - 6501 ਕਾਲਜ/ਸ-3

ਮਿਤੀ 15/5/15

ਯੂਨੀਵਰਸਿਟੀ ਨਾਲ ਸਬੰਧਤ,
ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ।

ਵਿਸ਼ਾ:- ਅਕਾਦਮਿਕ ਸਾਲ 2015-16 ਦੌਰਾਨ ਕਾਲਜਾਂ ਦੀ ਸਬੰਧਤਾ ਜਾਰੀ ਰੱਖਣ ਦੀ ਫੀਸ ਭੇਜਣ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜ ਦੀ ਅਕਾਦਮਿਕ ਸਾਲ 2015-16 ਦੀ ਸਬੰਧਤਾ ਜਾਰੀ ਰੱਖਣ ਦੀ ਫੀਸ ਹੇਠ ਲਿਖੇ ਸ਼ਡਿਊਲ ਅਨੁਸਾਰ ਜਮ੍ਹਾਂ ਕਰਵਾਉਣੀ ਲਾਜ਼ਮੀਂ ਹੋਵੇਗੀ:-

| | | |
|---|---|---|
| 1. | 31-08-2015 ਤੱਕ | ਬਿਨ੍ਹਾਂ ਲੇਟ ਫੀਸ |
| 2. | 1-09-15 ਤੋਂ 30-09-15 ਤੱਕ | ਬਣਦੀ ਫੀਸ 10% ਜੁਰਮਾਨੇ ਸਮੇਤ |
| 3. | 1-10-15 ਤੋਂ 30-10-15 ਤੱਕ | 20% ਜੁਰਮਾਨੇ ਸਮੇਤ |

ਸਬੰਧਤਾ ਜਾਰੀ ਰੱਖਣ ਦੀਆਂ ਫੀਸਾਂ ਦਾ ਵੇਰਵਾ:-

| ਲੜੀ ਨੰ: | ਕਾਲਜ ਦੀ ਸ੍ਰੇਣੀ | ਸਾਲਾਨਾ ਕੰਟੀਨਿਊਸ਼ਨ ਫੀਸ ਨਵੇਂ/ਪੁਰਾਣੇ ਕਾਲਜਾਂ ਲਈ |
|---|---|---|
| 1. | ਆਰਟਸ ਸਾਇੰਸ ਅਤੇ ਕਾਮਰਸ ਸ੍ਰੇਣੀ ਦੇ ਕਾਲਜ ਅਤੇ ਪ੍ਰੋਫੈਸ਼ਨਲ ਕਾਲਜ ਜਿਥੇ ਬੀ.ਸੀ.ਏ.,ਐਮ.ਸੀ.ਏ., ਬੀ.ਬੀ.ਏ.,ਐਮ.ਬੀ.ਏ, ਲਾਅ ਅਤੇ ਪੀ.ਜੀ.ਡੀ.ਸੀ.ਏ. ਆਦਿ ਕਲਾਸਾਂ ਚਲ ਰਹੀਆਂ ਹਨ। | 20,000/-ਰੁਪਏ |
| 2. | ਐਜੂਕੇਸ਼ਨ ਕਾਲਜ ਅਤੇ ਫਿਜੀਕਲ ਐਜੂਕੇਸ਼ਨ ਕਾਲਜ | 40,000/-ਰੁਪਏ |

ਉਕਤ ਸ਼ਡਿਊਲ ਤੋਂ ਬਾਅਦ ਕਾਲਜ/ਕੋਰਸ ਦੀ ਕੰਟੀਨਿਊਸ਼ਨ ਫੀਸ ਦੋ ਗੁਣਾਂ(ਡਬਲ) ਜਮ੍ਹਾਂ ਕਰਵਾਉਣੀ ਲਾਜ਼ਮੀਂ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਲਜ ਵਿਰੁੱਧ ਅਗਲੇਰੀ ਸਖਤ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

ਇਸ ਲਈ ਅਕਾਦਮਿਕ ਸੈਸ਼ਨ 2015-16 ਲਈ ਕਾਲਜ ਦੀ ਸਬੰਧਤਾ ਜਾਰੀ ਰੱਖਣ ਦੀ ਫੀਸ ਮਿਤੀ 31-08-15 ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾਈ ਜਾਵੇ। ਸਬੰਧਤਾ ਫੀਸ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਤੇ ਬਣਾ ਕੇ ਹਸਤਾਖਰ-ਕਰਤਾ ਨੂੰ ਭੇਜਿਆ ਜਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਵਿਸ਼ਵਾਸਪਾਤਰ,

ਮ.ਸ. ਬਾਵਾ 14/5/2015

ਸਹਾਇਕ ਰਜਿਸਟਰਾਰ(ਕਾਲਜਾਂ)

**ਮਨਮੋਹਨ ਸਿੰਘ ਬਾਵਾ**
**ਸਹਾਇਕ ਰਜਿਸਟਰਾਰ (ਕਾਲਜਾਂ)**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**